# ਸ਼ੇਖ ਫ਼ਰੀਦ - ਸਬਦ ੭੫

## ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੧

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥੭੨॥

ਸਾਰ: ਹੰਕਾਰ, ਨਿਮਰਤਾ ਨੂੰ ਅਪਣਾਉਣ ਵਿਚ ਅਸਫਲ ਰਹਿੰਦਾ ਹੈ, ਜਿਸ ਕਾਰਣ ਇਹ ਆਪਣੀ ਹੀ ਪ੍ਰਤਿਭਾ ਨੂੰ ਘਟਾ ਬੈਠਦਾ ਹੈ। ਜੋ ਬਾਹਰੋਂ ਮਜ਼ਬੂਤ ਭਾਸਦਾ ਹੈ, ਉਹ ਅੰਦਰੋਂ ਨਾਜ਼ੁਕ ਹੋ ਸਕਦਾ ਹੈ, ਕਿਉਂਕਿ ਇਸ ਦਾ ਵਾਧਾ ਬਿਨ੍ਹਾਂ ਕਿਸੇ ਪੁੱਛ-ਪ੍ਰਤੀਤ ਹੁੰਦਾ ਹੈ। ਨਿਮਰਤਾ ਹੀਣ, ਕੋਈ ਆਪਣੀ ਅਸਲ ਸਮਰੱਥਾ ਨੂੰ ਦਿਸ਼ਾਹੀਣ ਸਮਰੱਥਾ ਨਾਲ ਉਲਝਾਉਣ ਦਾ ਜੋਖਮ ਲੈਂਦਾ ਹੈ। ਸਤਿਕਾਰ ਦੀ ਮੰਗ ਨਹੀਂ ਕੀਤੀ ਜਾ ਸਕਦੀ; ਇਹ ਤਾਂ ਪਾਰਦਰਸ਼ਤਾ ਰਾਹੀਂ ਕਮਾਇਆ ਜਾਂਦਾ ਹੈ। ਜਦੋਂ ਅਹੰਕਾਰ ਸੁਧਾਰ ਨੂੰ ਸਵੀਕਾਰ ਨਹੀਂ ਕਰਦਾ, ਤਾਂ ਇਹ ਉਸ ਮਾਣ ਨੂੰ ਹੀ ਘਟਾ ਦਿੰਦਾ ਹੈ ਜਿਸਨੂੰ ਉਹ ਬਚਾਉਣਾ ਚਾਹੁੰਦਾ ਹੈ। ਮਾਨ-ਸਨਮਾਨ ਉੱਚੀ ਸੁਰ ਵਿਚ ਕੂਕਣ ਵਾਲਿਆਂ ਦੀ ਝੋਲੀ ਨਹੀਂ ਪੈਂਦਾ ਬਲਕਿ ਉਨ੍ਹਾਂ ਦੇ ਹਿੱਸੇ ਆਉਂਦਾ ਹੈ ਜੋ ਆਪਣੇ ਆਪ ਨੂੰ ਢਾਲ ਅਤੇ ਵਿਗਸਤ ਕਰ ਸਕਦੇ ਹਨ।

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥
ਉਹ ਸਿਰ ਜੋ ਸਰਬਵਿਆਪੀ ਸਤਾ ਅੱਗੇ ਸਮਰਪਣ ਨਹੀਂ ਕਰਦਾ, ਉਸ ਦਾ ਕੀ ਲਾਭ ਹੈ? ਇਹ ਭਾਵ ਦਰਸਾਉਂਦਾ ਹੈ ਕਿ ਅਹੰਕਾਰ ਦੀ ਕਠੋਰਤਾ ਅੰਤ ਨਿਸ਼ਫਲ ਹੋ ਜਾਂਦੀ ਹੈ, ਕਿਉਂਕਿ ਇਹ ਇਨਕਾਰ ਅੰਤਰੀਵੀ ਬਿਬੇਕ ਦੇ ਪ੍ਰਵਾਹ ਨੂੰ ਰੋਕ ਲੈਂਦਾ ਹੈ।

ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥੭੨॥
ਇਹ ਤਾਂ ਸਿਰਫ਼ ਭਾਂਡੇ ਹੇਠ ਰੱਖੇ ਬਾਲਣ ਵਾਂਗ ਸਾੜਨ ਦੇ ਯੋਗ ਹੈ। ਇਹ ਭਾਵ ਅਹੰਕਾਰੀ ਸਵੈ ਦੀ ਗਿਰਾਵਟ ਦਾ ਪ੍ਰਤੀਕ ਹੈ; ਜਾਗਰੂਕਤਾ ਦੀ ਘਾਟ ਸੰਸਾਰਕ ਦੁੱਖਾਂ ਦੀ ਅੱਗ ਲਈ ਬਾਲਣ ਬਣ ਜਾਂਦੀ ਹੈ। (੭੨)

ਤੱਤ: ਸ਼ੇਖ ਫ਼ਰੀਦ ਇਸ ਤੱਥ 'ਤੇ ਜ਼ੋਰ ਦਿੰਦੇ ਹਨ ਕਿ ਜਦੋਂ ਅਸੀਂ ਹੰਕਾਰ ਦੇ ਵੱਸ ਪੈ ਜਾਂਦੈ ਹਾਂ, ਤਾਂ ਇਹ ਅਗਿਆਨਤਾ ਦੇ ਲਾਂਬੂ ਭੜਕਾ ਦਿੰਦਾ ਹੈ, ਕਿਉਂਕਿ ਹਉਮੈਂ ਜਿਸਨੂੰ ਵੇਖਣ ਤੋਂ ਇਨਕਾਰੀ ਹੁੰਦੀ ਹੈ ਹਕੀਕਤ

ਨਿਰੰਤਰ ਉਸਨੂੰ ਦਰੁਸਤ ਕਰਦੀ ਰਹਿੰਦੀ ਹੈ। ਇਹ ਭਰਮ ਅਸਥਾਈ ਹੁੰਦਾ ਹੈ, ਜੋ ਪ੍ਰਸ਼ੰਸਾ, ਨਿਯੰਤਰਣ ਜਾਂ ਇਨਕਾਰ ਦੇ ਸਹਾਰੇ ਟਿਕਿਆ ਰਹਿੰਦਾ ਹੈ। ਅੰਤ ਵਿੱਚ, ਜ਼ਿੰਦਗੀ ਇਹਨਾਂ ਭਰਮਾਂ ਨੂੰ ਦੂਰ ਕਰ ਦਿੰਦੀ ਹੈ, ਅੰਤਰੀਵੀ ਮੂਲ ਸੱਚਾਈ ਨੂੰ ਉਜਾਗਰ ਕਰਦੀ ਹੈ। ਉਸ ਨਿਰਣਾਇਕ ਪਲ ਵਿਚ ਇਹ ਚੋਣ ਸਪਸ਼ਟ ਹੋ ਜਾਂਦੀ ਹੈ; ਇਸ ਲਈ ਜਾਂ ਤਾਂ ਆਪਣੇ ਧੁਰ ਅੰਦਰ ਵਿਦਮਾਨ ਸਵੈ ਅੱਗੇ ਸਮਰਪਣ ਕਰਨਾ ਪੈਂਦਾ ਹੈ, ਜਾਂ ਆਪਣੀ ਝੂਠੀ ਪਛਾਣ ਦੀ ਅੱਗ ਦਾ ਸਾਹਮਣਾ। ਇਸ ਸਮੁੱਚੇ ਵਰਤਾਰੇ ਵਿਚ ਅਸੀਂ ਜਾਂ ਤਾਂ ਸੱਚੀ ਜਾਗਰੂਕਤਾ ਨੂੰ ਕਲਾਵੇ ਵਿਚ ਲੈਣ ਲਈ ਨਰਮ ਹੋ ਸਕਦੇ ਹਾਂ ਜਾਂ ਦੁੱਖਾਂ ਨੂੰ ਸਹਿਣ ਲਈ ਕਠੋਰ ਹੋ ਸਕਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**